(i) Printed Pages : 3 Roll No. ...............................

(ii) Questions : 6 **Sub. Code : 1 3 0 2 7**

**Exam. Code : 5 0 3 2**

**Bachelor of Business Administration (FYUP) 2nd Semester**

**(2056)**

# PUNJABI KAHANI ATE VIHARAK PUNJABI

**Paper : BBAP201**

**Time Allowed : 3 Hours] [Maximum Marks : 45**

**ਨੋਟ :–** (1) ਯੂਨਿਟ-ਪਹਿਲਾ ਦੇ ਦੋ ਭਾਗ ਹਨ ਅਤੇ 25 ਅੰਕ ਹਨ।

(2) ਯੂਨਿਟ-ਦੂਜਾ ਦੇ ਚਾਰ ਭਾਗ ਅਤੇ ਕੁੱਲ 20 ਅੰਕ ਹਨ।

## ਯੂਨਿਟ-ਪਹਿਲਾ

1. ਹੇਠ ਲਿਖਿਆਂ ਵਿਚੋਂ ਕੋਈ **ਦੋ** ਪ੍ਰਸ਼ਨ ਕਰੋ :

(ੳ) 'ਉਜਾੜ' ਕਹਾਣੀ ਦਾ ਵਿਸ਼ਾ-ਵਸਤੂ ਸਪਸ਼ਟ ਕਰੋ।

(ਅ) 'ਬਾਕੀ ਸਭ ਸੁੱਖ-ਸਾਂਦ ਹੈ' ਕਹਾਣੀ ਦੇ ਪ੍ਰਮੁੱਖ ਪਾਤਰਾਂ ਦੇ ਸੁਭਾਅ ਨੂੰ ਚਿਤਰੋ।

(ੲ) ਸੰਤੋਖ ਸਿੰਘ ਧੀਰ ਦੇ ਜੀਵਨ, ਰਚਨਾ ਅਤੇ ਸਾਹਿਤਕ ਯੋਗਦਾਨ ਨੂੰ ਚਰਚਾ ਦਾ ਵਿਸ਼ਾ ਬਣਾਉ। 2×10=20

2. ਹੇਠ ਲਿਖਿਆਂ ਵਿਚੋਂ ਕੋਈ **ਪੰਜ** ਪ੍ਰਸ਼ਨ ਕਰੋ। ਹਰ ਪ੍ਰਸ਼ਨ ਦਾ 1 ਅੰਕ ਹੈ:

(ੳ) 'ਮਾਮਲਾ' ਕਹਾਣੀ ਦੀ ਮੁਖ ਸਮੱਸਿਆ ਕੀ ਹੈ ?

(ਅ) ਆਲਾ ਸਿੰਘ ਦੇ ਜੀਵਨ ਦਾ ਤੇ ਉਸਦੇ ਪਾਲੇ-ਪਲੋਸੇ, ਪਰ ਹੁਣ ਬੁੱਢੇ ਹੋ ਚੁੱਕੇ ਧੌਲੇ ਬਲਦ ਦਾ ਕੀ ਸੰਬੰਧ ਹੈ ?



Scanned with OKEN Scanner

(ੲ) ਬਸ਼ੀਰ ਸ਼ਹਿਰੀ ਮੁੰਡੇ ਕੁੜੀਆਂ ਸਾਹਮਣੇ ਕਿਉਂ ਨਹੀਂ ਸੀ ਗਾ ਸਕਦਾ ?

(ਸ) ਦਲੀਪ ਕੌਰ ਟਿਵਾਣਾ ਅਨੁਸਾਰ ਰੱਬ ਰੁੱਤਾਂ ਨੂੰ ਧਰਤੀ ਉੱਤੇ ਕਿਉਂ ਭੇਜਦਾ ਹੈ ?

(ਹ) 'ਗਧੀ ਵਾਲਾ' ਕਹਾਣੀ ਦੇ ਪਾਤਰ ਵੱਡੇ ਮਾਸਟਰ ਦੇ ਸੁਭਾਅ ਬਾਰੇ ਆਪਣੇ ਵਿਚਾਰ ਦਿਉ।

(ਕ) 'ਕੁਰਸੀ' ਕਹਾਣੀ ਦੇ ਸਿਰਲੇਖ ਬਾਰੇ ਟਿੱਪਣੀ ਕਰੋ।

(ਖ) 'ਬਾਕੀ ਸਭ ਸੁੱਖ ਸਾਂਦ ਹੈ' ਕਹਾਣੀ ਵਿਚ ਪੇਂਡੂ ਔਰਤਾਂ, ਕੁੜੀਆਂ ਕਿਹੋ ਜਿਹੀਆਂ ਚਿੱਠੀਆਂ ਲਿਖਵਾਉਣਾ ਚਾਹੁੰਦੀਆਂ ਹਨ ?

(ਗ) ਵਰਿਆਮ ਸੰਧੂ ਦੇ ਕੋਈ ਦੋ ਕਹਾਣੀ ਸੰਗ੍ਰਹਿਆਂ ਦੇ ਨਾਂ ਦੱਸੋ।

(ਘ) ਗੁਰਬਚਨ ਸਿੰਘ ਭੁੱਲਰ ਦਾ ਪਹਿਲਾ ਕਹਾਣੀ ਸੰਗ੍ਰਹਿ ਕਿਹੜਾ ਹੈ ?

(ਙ) ਕੁਲਵੰਤ ਸਿੰਘ ਵਿਰਕ ਨੂੰ ਕਿਸ ਕਹਾਣੀ ਸੰਗ੍ਰਹਿ ਲਈ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ? 5×1=5

## ਯੂਨਿਟ-ਦੂਜਾ

3. ਹੇਠ ਲਿਖਿਆਂ ਵਿਚੋਂ ਕਿਸੇ **ਪੰਜ** ਸ਼ਬਦਾਂ ਦਾ ਪੰਜਾਬੀ ਅਨੁਵਾਦ ਕਰੋ :

   Dispute, Economy, Habitat, Integrated, Kinship, Manipulation, Paradox 5×1=5

4. ਹੇਠ ਲਿਖਿਆਂ ਵਿਚੋਂ ਕਿਸੇ **ਪੰਜ** ਅਖਾਣਾਂ ਦੀ ਅਰਥ ਦੱਸ ਕੇ ਵਾਕਾਂ ਵਿਚ ਵਰਤੋਂ ਕਰੋ :

   ਉਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ, ਉਲਟਾ ਚੋਰ ਕੋਤਵਾਲ ਨੂੰ ਡਾਂਟੇ, ਅੱਸੂ ਮਾਂਹ ਨਿਰਾਲਾ ਦਿਨੇ ਧੁੱਪ ਤੇ ਰਾਤੀਂ ਪਾਲਾ, ਅੱਖੋਂ ਦੂਰ ਸੋ ਦਿਲੋਂ ਦੂਰ, ਇਕ ਅਨਾਰ ਸੌ ਬਿਮਾਰ, ਸੱਪ ਨੂੰ ਸੱਪ ਲੜੇ ਵਿਹੁ ਕਿਸਨੂੰ ਚੜ੍ਹੇ, ਕੁੱਕੜ ਖੇਹ ਉਡਾਈ ਤੇ ਆਪਣੇ ਸਿਰ ਪਾਈ 5×1=5



Scanned with OKEN Scanner

5. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਵਿਸ਼ੇ ‘ਤੇ ਸੂਚਨਾ ਹਿਤ ਨੋਟਿਸ ਲਿਖੋ :

(ੳ) ਨਵੀਂ ਖੋਲ੍ਹੀ ਕਰਿਆਨੇ ਦੀ ਦੁਕਾਨ ’ਤੇ ਸੇਲਜ਼ਮੈਨ ਦੀ ਲੋੜ ਸੰਬੰਧੀ

(ਅ) ਟਿਊਸ਼ਨ ਸੈਂਟਰ ਲਈ ਅਧਿਆਪਕਾਂ ਦੀ ਲੋੜ ਸੰਬੰਧੀ 5×1=5

6. ਹੇਠ ਲਿਖੇ ਪੈਰ੍ਹੇ ਦਾ ਅੰਗਰੇਜ਼ੀ ਵਿਚ ਅਨੁਵਾਦ ਕਰੋ :

ਜੀਵਨ ਵਿੱਚ ਖੇਡਾਂ ਦਾ ਬਹੁਤ ਮਹੱਤਵ ਹੈ। ਖੇਡਾਂ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹੁੰਦੀਆਂ, ਸਗੋਂ ਇਹ ਸਾਡੇ ਸਰੀਰ ਅਤੇ ਮਨ ਨੂੰ ਤੰਦਰੁਸਤ ਬਣਾਉਂਦੀਆਂ ਹਨ। ਖੇਡਾਂ ਖੇਡਣ ਨਾਲ ਸਰੀਰ ਵਿੱਚ ਤਾਕਤ, ਫੁਰਤੀ ਅਤੇ ਸਹਿਣ ਸ਼ਕਤੀ ਵਧਦੀ ਹੈ। ਇਹ ਸਾਨੂੰ ਅਨੁਸ਼ਾਸਨ, ਸਮੇਂ ਦੀ ਪਾਬੰਦੀ, ਟੀਮ ਵਰਕ ਅਤੇ ਜਿੱਤ-ਹਾਰ ਨੂੰ ਸਹਿਣ ਦੀ ਸਿਖਿਆ ਦਿੰਦੀਆਂ ਹਨ। ਖੇਡਾਂ ਨਾਲ ਮਨ ਵਿੱਚ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ ਅਤੇ ਤਣਾਅ ਘਟਦਾ ਹੈ। ਵਿਦਿਆਰਥੀਆਂ ਲਈ ਖੇਡਾਂ ਬਹੁਤ ਲਾਭਦਾਇਕ ਹਨ ਕਿਉਂਕਿ ਇਹ ਮਨ ਨੂੰ ਤਾਜ਼ਗੀ ਦਿੰਦੀਆਂ ਹਨ। ਇਸ ਤੋਂ ਇਲਾਵਾ, ਖੇਡਾਂ ਸਾਨੂੰ ਨਵੇਂ ਦੋਸਤ ਬਣਾਉਣ ਅਤੇ ਮਿਲਜੁਲ ਕੇ ਰਹਿਣ ਦੀ ਪ੍ਰੇਰਣਾ ਦਿੰਦੀਆਂ ਹਨ। ਜੋ ਲੋਕ ਨਿਯਮਿਤ ਤੌਰ ’ਤੇ ਖੇਡਾਂ ਵਿੱਚ ਹਿੱਸਾ ਲੈਂਦੇ ਹਨ, ਉਹ ਜੀਵਨ ਵਿੱਚ ਹੋਰਾਂ ਨਾਲੋਂ ਵੱਧ ਚੁਸਤ ਅਤੇ ਖੁਸ਼ ਰਹਿੰਦੇ ਹਨ। ਇਸ ਲਈ ਹਰ ਵਿਅਕਤੀ ਨੂੰ ਆਪਣੇ ਜੀਵਨ ਵਿੱਚ ਖੇਡਾਂ ਨੂੰ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। 1×5=5



Scanned with OKEN Scanner